ਸ਼ੇਖ ਫ਼ਰੀਦ - ਸਬਦ ੫੦

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੦

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥੪੬॥

ਸਾਰ: ਹਉਮੈਂ ਅਕਸਰ ਧਨ-ਸੰਪਦਾ ਰਾਹੀਂ ਸਥਿਰਤਾ ਦਾ ਭਰਮ ਪੈਦਾ ਕਰਨ ਦੀ ਕੋਸ਼ਿਸ਼ ਕਰਦੀ ਹੈ, ਇਸ ਵਿਸ਼ਵਾਸ ਨੂੰ ਮੰਨਦਿਆਂ ਕਿ ਇਹ ਸਾਡੀ ਪਹਿਚਾਣ ਨੂੰ ਪਰਿਭਾਸ਼ਿਤ ਕਰਨ ਅਤੇ ਬਰਕਰਾਰ ਰੱਖਣ ਵਿਚ ਮਦਦ ਕਰਦੀ ਹੈ। ਇਹ ਸਿਰਫ਼ ਵਸਤੂਆਂ ਹੀ ਨਹੀਂ, ਸਗੋਂ ਪਹਿਚਾਣ, ਦਰਜਾ ਅਤੇ ਕਾਬੂ ਕਰਨ ਵਾਲੀ ਪ੍ਰਵਿਰਤੀ ਨੂੰ ਇਕੱਤਰ ਕਰਦੀ ਅਤੇ ਸੰਭਾਲਦੀ ਹੈ। ਭਾਵੇਂ ਧਨ-ਸੰਪਦਾ ਸਿਰਫ਼ ਬਾਹਰੀ ਸੰਸਾਰ ਵਿਚ ਆਪਣੀ ਹੋਂਦ ਬਰਕਰਾਰ ਰੱਖਦੀ ਹੈ; ਪਰ ਇਹ ਕਿਸੇ ਨੂੰ ਅੰਤਰੀਵੀ ਭਰਪੂਰਤਾ ਨਹੀਂ ਦੇ ਸਕਦੀ। ਹਉਮੈਂ ਦੀ ਨਿਰਭਰਤਾ ਪਦਾਰਥਿਕ ਵਸਤਾਂ ਉਪਰ ਜਿੰਨੀ ਜ਼ਿਆਦਾ ਹੋਵੇਗੀ, ਉਨ੍ਹਾਂ ਨੂੰ ਗਵਾਉਣ ਦਾ ਡਰ, ਉਨ੍ਹਾਂ ਹੀ ਵਧੇਰੇ ਪ੍ਰਬਲ ਹੋਵੇਗਾ। ਇਹ ਅਸੁਰੱਖਿਆ ਕਾਮਯਾਬੀ ਦੀ ਬੁੱਕਲ ਵਿਚ ਛੁਪੀ ਬੇਚੈਨੀ ਅਤੇ ਸੁਖਚੈਨ ਦੀ ਬੁੱਕਲ ਵਿਚ ਲੁਕੀ ਬੇ-ਆਰਾਮੀ ਵੱਲ ਲੈ ਜਾਂਦੀ ਹੈ। ਸਦੀਵਤਾ ਧਨ-ਸੰਪਦਾ ਵਿਚ ਨਹੀਂ, ਸਗੋਂ ਉਸ ਅੰਤਰੀਵੀ ਸਥਿਰਤਾ ਵਿਚ ਵਿਦਮਾਨ ਹੈ ਜਿਸਨੂੰ ਅਸੀਂ ਆਪਣੇ ਅੰਦਰ ਪੈਦਾ ਕਰਦੇ ਹਾਂ।

ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥
ਫਰੀਦ ਕਹਿੰਦੇ ਹਨ ਕਿ ਜਿਨ੍ਹਾਂ ਕੋਠੇ, ਮਹਿਲ, ਮਾੜੀਆਂ ਬਣਾਏ ਸਨ, ਉਹ ਵੀ ਚਲੇ ਗਏ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਕਿਵੇਂ ਭੌਤਿਕ ਢਾਂਚੇ ਅਕਸਰ ਆਪਣੇ ਸਿਰਜਣਹਾਰਿਆ ਨੂੰ ਪਛਾੜ, ਹਉਮੈਂ ਦੁਆਰਾ ਵਸਤਾਂ ਰਾਹੀਂ ਅਮਰਤਾ ਪ੍ਰਾਪਤ ਕਰਨ ਦੇ ਕੋਝੇ ਮਜ਼ਾਕ ਉਪਰ ਹੱਸਦੇ ਹਨ।

ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥੪੬॥
ਧੋਖੇ ਦੀ ਸੌਦਾਗਰੀ ਕਰਦੇ ਹੋਏ, ਉਹ ਨਾਸ਼ ਹੋ ਕਬਰਾਂ ਵਿਚ ਜਾ ਪਏ। ਇਹ ਸੌਦਾਗਰੀ ਜੀਵਨ ਰੂਪੀ ਅਨਮੋਲ ਅਵਸਰ ਨੂੰ ਅਸਥਾਈ ਲਾਭਾਂ ਵਿਚ ਗਵਾਉਣ ਦਾ ਪ੍ਰਤੀਕ ਹੈ, ਅਤੇ ਅੰਤ ਵਿਚ ਸਰੀਰ ਨੂੰ ਕੱਜਣ ਲਈ ਮਿੱਟੀ ਹੀ ਮਿਲਦੀ ਹੈ। (੪੬)

**ਤੱਤ:** ਸ਼ੇਖ ਫ਼ਰੀਦ ਸਮਝਾਉਂਦੇ ਹਨ ਕਿ ਪਲ ਭਰ ਦੇ ਫਾਇਦਿਆਂ ਦੀ ਭਾਲ ਵਿਚ, ਅਸੀਂ ਅਕਸਰ ਆਪਣੇ ਅੰਤਹਕਰਣ ਦੀ ਅਵਾਜ਼ ਨੂੰ ਕੁਰਬਾਨ ਕਰ ਦਿੰਦੇ, ਜੋ ਸਾਡੇ ਅੰਤਰ-ਆਤਮੇ ਦਾ ਸਭ ਤੋਂ ਕੀਮਤੀ ਹਿੱਸਾ ਹੁੰਦੀ ਹੈ। ਅਸੀਂ ਫ਼ਾਇਦੇ ਲਈ ਇਮਾਨਦਾਰੀ ਨੂੰ, ਦਰਜੇ ਲਈ ਸੰਵੇਦਨਸ਼ੀਲਤਾ ਨੂੰ, ਅਤੇ ਗੰਭੀਰਤਾ ਲਈ ਉਪਰਲੀ ਦਿੱਖ ਨੂੰ ਬਦਲ ਲੈਂਦੇ ਹਾਂ, ਇਹ ਸਮਝਦੇ ਹੋਏ ਕਿ ਇਹ ਸਾਨੂੰ ਜੀਵਨ ਦੀ ਅਸਥਿਰਤਾ ਤੋਂ ਬਚਾ ਸਕਦੀਆਂ ਹਨ। ਪਰ ਅੰਤ ਵਿਚ ਸਾਡੀਆਂ ਇਹ ਬੇਅੰਤ ਕੋਸ਼ਿਸ਼ਾਂ ਸਾਡੇ ਹੱਡ-ਮਾਸ ਨੂੰ ਢੱਕਣ ਲਈ ਸਿਰਫ਼ ਦੋ ਗੱਜ਼ ਜ਼ਮੀਨ ਹੀ ਸਾਨੂੰ ਨਸੀਬ ਕਰਦੀਆਂ ਹਨ। ਉਨ੍ਹਾਂ ਦੀ ਸਿੱਖਿਆ ਧਨ ਜਾਂ ਟਿਚਿਆਂ ਨੂੰ ਤਿਆਗਣ ਲਈ ਨਹੀਂ ਕਹਿੰਦੀ, ਸਗੋਂ ਅਸਥਾਈ ਵਸਤਾਂ ਦੀ ਭਾਲ ਵਿਚ ਆਪਣਾ ਆਪ ਗਵਾ ਦੇਣ ਦੀ ਕੀਮਤ ਤੋਂ ਜਾਣੂ ਕਰਵਾਉਂਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**